ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ,ਚੰਡੀਗੜ੍ਹ
ਐਸ.ਸੀ.ਓ.ਨੰ: 104-106, ਦੂਜੀ ਮੰਜਿਲ, ਸੈਕਟਰ-34 ਏ, ਚੰਡੀਗੜ੍ਹ
ਫੋਨ ਨੰ: 0172-2624673, ਫੈਕਸ ਨੰ: 2624687 ਈ-ਮੇਲ : dgsepunjab18@gmail.com

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ(ਸੈ.ਸਿ)ਪੰਜਾਬ
ਸਮੂਹ ਜ਼ਿਲ੍ਹਾ ਸਿੱਖਿਆ ਅਫਸਰ(ਐ.ਸਿ)ਪੰਜਾਬ
ਪੰਜਾਬ ਰਾਜ ਦੇ ਸਮੂਹ ਸਰਕਾਰੀ ਸਕੂਲਾਂ ਦੇ ਮੁੱਖੀ(ਵੈਬਸਾਇਟ ਰਾਹੀਂ)

ਮੀਮੋ ਨੰ: 2013/ਡੀ.ਜੀ.ਐਸ.ਈ/ਕੋਆਰਡੀਨੇਸ਼ਨ/003880
ਮਿਤੀ,ਚੰਡੀਗੜ੍ਹ: 25/2/2013

ਵਿਸ਼ਾ: ਪੰਜਾਬ ਰਾਜ ਦੇ ਸਰਕਾਰੀ ਸਕੂਲਾਂ ਵਿਖੇ ਫੰਕਸ਼ਨ ਕਰਵਾਉਣ ਬਾਰੇ ।

ਹਵਾਲਾ: ਕੋਆਰਡੀਨੇਸ਼ਨ/09/ ਸਸਅ/50688-732 ਮਿਤੀ 6.7.2009 ਅਤੇ 2009/ਸਸਅ/ਕੋਆਰਡੀਨੇਸ਼ਨ/22873 ਮਿਤੀ 1.2.2010 ਸਬੰਧੀ

1.0 ਉਪਰੋਕਤ ਵਿਸ਼ੇ ਦੇ ਸਬੰਧ ਵਿੱਚ।

2.0 ਮੁੱਖ ਦਫਤਰ ਦੇ ਧਿਆਨ ਵਿੱਚ ਆਇਆ ਹੈ ਕਿ ਪੰਜਾਬ ਰਾਜ ਦੇ ਕਈ ਸਰਕਾਰੀ ਸਕੂਲਾਂ ਵਿੱਚ ਕਈ ਵਾਰ ਲੋਕਲ ਫੰਕਸ਼ਨ/ਪੇਂਡੂ ਖੇਡ-ਮੇਲੇ ਆਦਿ ਕਰਵਾਏ ਜਾਂਦੇ ਹਨ, ਜਿਸ ਕਾਰਨ ਸਕੂਲਾਂ ਵਿੱਚ ਛੁੱਟੀ ਕਰਨੀ ਪੈਂਦੀ ਹੈ । ਇਸ ਨਾਲ ਵਿਦਿਆਰਥੀਆਂ ਦੀ ਪੜ੍ਹਾਈ ਦਾ ਨੁਕਸਾਨ ਹੁੰਦਾ ਹੈ ।

3.0 ਉਕਤ ਨੂੰ ਮੁੱਖ ਰੱਖਦੇ ਹੋਏ ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਆਪ ਅਧੀਨ ਆਉਂਦੇ ਸਮੂਹ ਸਰਕਾਰੀ ਸਕੂਲਾਂ ਨੂੰ ਇਹ ਹਦਾਇਤਾਂ ਕਰ ਦਿੱਤੀਆਂ ਜਾਣ ਕਿ ਕਿਸੇ ਵੀ ਸਰਕਾਰੀ ਸਕੂਲ ਵਿਖੇ ਸਰਕਾਰੀ ਛੁੱਟੀ ਤੋਂ ਇਲਾਵਾ ਕਿਸੇ ਪ੍ਰਾਈਵੇਟ ਫੰਕਸ਼ਨ ਕਾਰਨ ਕੋਈ ਛੁੱਟੀ ਨਾ ਕੀਤੀ ਜਾਵੇ ਅਤੇ ਨਾ ਹੀ ਸਰਕਾਰੀ ਸਕੂਲਾਂ ਵਿਖੇ ਕੋਈ ਵਿਆਹ/ਭੋਗ/ਪ੍ਰਾਈਵੇਟ/ਪਬਲਿਕ ਫੰਕਸ਼ਨ ਜਾਂ ਖੇਡ ਮੇਲਾ ਆਦਿ ਕਰਨ ਦੀ ਇਜਾਜਤ ਦਿੱਤੀ ਜਾਵੇ ।

4.0 ਸਕੂਲ ਪਰਿਸਰ/ਹਦੂਦ ਤੋਂ ਬਾਹਰ ਜੇਕਰ ਸਕੂਲ ਦਾ ਖੇਡ ਗਰਾਊਂਡ ਹੈ ਤਾਂ ਸਕੂਲ ਮੁੱਖੀ ਵੱਲੋਂ ਇਸ ਗਰਾਉਂਡ ਦੀ ਕੇਵਲ ਖੇਡਾਂ ਦੇ ਮਕਸਦ ਲਈ ਸਿਰਫ ਛੁੱਟੀ ਵਾਲੇ ਦਿਨ ਪਿੰਡ ਵਾਸੀਆਂ/ਇਲਾਕਾ ਵਾਸੀਆਂ ਨੂੰ ਵਰਤੋਂ ਕਰਨ ਦੀ ਇਜਾਜ਼ਤ ਦਿੱਤੀ ਜਾ ਸਕਦੀ ਹੈ ।

5.0 ਜੇਕਰ ਕਿਸੇ ਸਕੂਲ ਵਿੱਚ ਕਿਸੇ ਵੱਲੋਂ ਉਕਤ ਹਦਾਇਤਾਂ ਦੀ ਉਲੰਘਣਾ ਕਰਦੇ ਹੋਏ ਕੋਈ ਫੰਕਸ਼ਨ ਕੀਤਾ ਜਾਂਦਾ ਹੈ ਤਾਂ ਇਸ ਮਾਮਲੇ ਬਾਰੇ ਤੁਰੰਤ ਸਬੰਧਤ ਐਸ.ਡੀ.ਐਮ ਅਤੇ ਜ਼ਿਲੇ ਦੇ ਡਿਪਟੀ ਕਮਿਸ਼ਨਰ ਦੇ ਧਿਆਨ ਵਿੱਚ ਲਿਆਂਦਾ ਜਾਵੇ ।

ਕੇ.ਐਸ.ਪੰਨੂੰ,ਆਈ.ਏ.ਐਸ
ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ

ਪਿੱਠ ਅੰਕਣ ਨੰ: ਮਿਤੀ,ਚੰਡੀਗੜ੍ਹ:

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ।

1. ਸਮੂਹ ਡਿਪਟੀ ਕਮਿਸਨਰ ਪੰਜਾਬ ਨੂੰ ਜਾਣਕਾਰੀ ਹਿੱਤ ।
2. ਸਮੂਹ ਮੰਡਲ ਸਿੱਖਿਆ ਅਫਸਰ ਪੰਜਾਬ ।

ਕੇ.ਐਸ.ਪੰਨੂੰ,ਆਈ.ਏ.ਐਸ
ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ